ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਪਲਾਟ ਨੰ: 1-ਬੀ, ਸੈਕਟਰ 27 - ਏ ਚੰਡੀਗੜ੍ਹ।

ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰਬਰ-ਪਵਸਸਬ-2019/ਵ/22083 ਮਿਤੀ 11/10/19

ਵਿਸ਼ਾ:- ਸੀਵਰੇਜ਼ ਕਾਰਨ ਪੁੱਟੀ ਸੜਕ ਬਣਾਉਣ, ਨਾਲਿਆਂ ਦੇ ਪਾਣੀ ਨੂੰ ਸੀਵਰੇਜ਼ ਵਿੱਚ ਪਾਉਣ ਅਤੇ ਦੋਨੋ ਪਾਸਿਆਂ ਦੀਆਂ ਨਾਲੀਆਂ ਬੰਦ ਕਰਨ ਬਾਰੇ ਬਿਨੈ ਪੱਤਰ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸਮੂਹ ਵਾਸੀ ਬਾਜਾ ਰੋਡ, ਜੈਤੋ ਜਿਲ੍ਹਾ ਫਰੀਦਕੋਟ ਵਲੋ ਪ੍ਰਾਪਤ ਪੱਤਰ ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਸਬੰਧਤ ਨੂੰ ਭੇਜਦੇ ਹੋਏ ਭੇਜੀ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

Savita
ਉਪ ਮੰਡਲ ਇੰਜੀਨੀਅਰ(ਵ)
ਵਾਸਤੇ ਡਾਇਰੈਕਟਰ (ਪਲੈਨਿੰਗ ਅਤੇ ਡਿਜਾਇਨ)

ਸੇਵਾ ਵਿਖੇ,

ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ,
ਫਰੀਦਕੋਟ।

ਵਿਸ਼ਾ :- **ਸੀਵਰੇਜ਼ ਕਾਰਨ ਪੁੱਟੀ ਸ਼ੜਕ ਬਣਾਉਣ, ਨਾਲਿਆਂ ਦੇ ਪਾਣੀ ਨੂੰ ਸੀਵਰੇਜ਼ ਵਿੱਚ ਪਾਉਣ ਅਤੇ ਦੋਨੋਂ ਪਾਸਿਆਂ ਦੀਆਂ ਨਾਲੀਆਂ ਬੰਦ ਕਰਨ ਬਾਰੇ ਬਿਨੈ ਪੱਤਰ।**

ਸ਼੍ਰੀਮਾਨ ਜੀ,

ਬਿਨੈ ਹੈ ਕਿ ਅਸੀਂ ਸਮੂਹ ਵਾਸੀ ਬਾਜਾ ਰੋਡ, ਜੈਤੋ, ਤਹਿਸੀਲ ਜੈਤੋ, ਜਿਲ੍ਹਾ ਫਰੀਦਕੋਟ ਬੇਨਤੀ ਕਰਦੇ ਹਾਂ ਕਿ ਤਕਰੀਬਨ 2 ਮਹੀਨੇ ਤੋਂ ਸ਼ੜਕ ਪੁੱਟੀ ਹੋਈ ਹੈ ਤੇ ਸ਼ੜਕ ਵਿੱਚ ਖੱਡੇ ਹਨ ਤੇ ਬਹੁਤ ਉੱਚੀ ਨੀਵੀਂ ਹੈ ਅਤੇ ਸਾਰਾ ਟਰੈਫਿਕ ਕੋਟਕਪੂਰਾ-ਬਠਿੰਡਾ ਦਾ ਬਾਜਾ ਰੋਡ ਤੋਂ ਲੰਘਦਾ ਹੈ ਤੇ ਹੈਵੀ ਟਰੈਫਿਕ ਹੋਣ ਕਰਕੇ ਮਿੱਟੀ ਉਡ ਕੇ ਸਾਡੇ ਘਰਾਂ ਵਿੱਚ ਵੜਦੀ ਹੈ ਅਤੇ ਸਾਡੀ ਸਿਹਤ ਨਾਲ ਵੀ ਖਿਲਵਾੜ ਹੋ ਰਿਹਾ ਹੈ ਤੇ ਮਿੱਟੀ ਸਾਡੇ ਸ਼ਰੀਰ ਅਤੇ ਸਾਡੀ ਰਸੋਈ ਤੱਕ ਪਹੁੰਚ ਰਹੀ ਹੈ। ਜਿਸ ਕਾਰਨ ਅਸੀਂ ਬਿਮਾਰ ਹੋ ਰਹੇ ਹਾਂ। ਨਾਲੀਆਂ ਦਾ ਜ਼ੋ ਵੀ ਗੰਦ ਕੱਢਿਆ ਜਾਂਦਾ ਹੈ, ਉਹ ਵੀ ਨਾ ਚੁੱਕਣ ਕਾਰਨ, ਸੁੱਕ ਕੇ ਮਿੱਟੀ ਵਿੱਚ ਮਿਲ ਜਾਂਦਾ ਹੈ ਤੇ ਧੂੜ ਬਣ ਕੇ ਉਡਦੀ ਹੈ। ਤੇ ਵਾਤਾਵਰਣ ਨੂੰ ਗੰਧਲਾ ਕਰਦੀ ਹੈ।

ਅਸੀਂ ਸਮੂਹ ਬਾਜਾ ਰੋਡ ਵਾਸੀ ਬੇਨਤੀ ਕਰਦੇ ਹਾਂ ਕਿ ਸਾਡੀ ਪੱਟੀ ਸ਼ੜਕ ਨੂੰ ਜਲਦੀ ਤੋਂ ਜਲਦੀ ਨਵੀਂ ਬਣਾਈ ਜਾਵੇ ਤੇ ਸਾਡੇ ਦੋਨੋਂ ਪਾਸਿਆਂ ਦੀਆਂ ਨਾਲੀਆਂ ਨੂੰ ਬੰਦ ਕਰਕੇ ਸੀਵਰੇਜ਼ ਵਿੱਚ ਗੰਦੇ ਪਾਣੀ ਦਾ ਨਿਕਾਸ ਕੀਤਾ ਜਾਵੇ ਅਤੇ ਸਾਡੀ ਸਿਹਤ ਨਾਲ ਹੋ ਰਿਹਾ, ਖਿਲਵਾੜ ਬੰਦ ਕੀਤਾ ਜਾਵੇ ਅਤੇ ਸਾਡੀ ਮੰਗ ਨੂੰ ਪੂਰਾ ਕੀਤਾ ਤੇ ਸਾਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਜ਼ੋ ਅਸੀਂ ਆਮ ਸ਼ਹਿਰੀ ਦੀ ਤਰ੍ਹਾਂ ਜਿੰਦਗੀ ਜਿਉਂ ਸਕੀਏ।

Diary No. 7064
Dated 17-9-19

ਧੰਨਵਾਦ ਸਹਿਤ।

ਇਸ ਦਾ ਉਤਾਰਾ :-
1. ਮੁੱਖ ਮੰਤਰੀ ਪੰਜਾਬ, ਚੰਡੀਗੜ੍ਹ।
2. ਕਾਰਜ ਸਾਧਕ ਅਫਸਰ, ਨਗਰ ਕੌਂਸਲ ਜੈਤੋ।
3. ਡਿਪਟੀ ਡਾਇਰੈਕਟਰ ਸਥਾਨਕ ਸਰਕਾਰ, ਫਿਰੋਜਪੁਰ।
4. ਡਾਇਰੈਕਟਰ ਸਥਾਨਕ ਸਰਕਾਰ, ਚੰਡੀਗੜ੍ਹ।
5. ਸਕੱਤਰ ਸਥਾਨਕ ਸਰਕਾਰ, ਚੰਡੀਗੜ੍ਹ।
6. ਐਕਸੀਅਨ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਮੋਗਾ।
7. ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਚੰਡੀਗੜ੍ਹ।
8. ਚੇਅਰਮੈਨ ਪ੍ਰਦੂਸ਼ਨ ਬੋਰਡ, ਨਾਭਾ ਰੋਡ, ਪਟਿਆਲਾ।

ਦਰਖਾਸਤ ਕਰਤਾ

ਸਮੂਹ ਵਾਸੀ ਬਾਜਾ ਰੋਡ, ਜੈਤੋ।
ਜਿਲ੍ਹਾ ਫਰੀਦਕੋਟ।

Away
18/9/19
Surinder Singh
Balkar Singh
Gagandeep
A/c